ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਰੈਨੀ ਸਟ੍ਰਿਪਸ (ਪਾ) ਲਿਮਟਿਡ ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਮਾਨਗੜ, ਮਾਛੀਵਾੜਾ ਰੋਡ, ਨੇੜੇ ਕੋਹਾੜਾ, ਜਿਲਾ ਲੁਧਿਆਣਾ ਵਿਖੇ ਸਥਿਤ ਹੈ, ਵਿੱਚ ਤਜਵੀਜਤ ਵਾਧੇ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 01.02.2019 ਦੀ ਕਾਰਵਾਈ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ :

1. ਪ੍ਰੋ: ਜਸਪਾਲ ਸਿੰਘ ਗਿੱਲ, ਪੀ.ਸੀ.ਐਸ.,
   ਵਧੀਕ ਡਿਪਟੀ ਕਮਿਸ਼ਨਰ, ਲੁਧਿਆਣਾ

2 ਇੰਜ: ਅਸ਼ੋਕ ਗਰਗ,
   ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ–1, ਲੁਧਿਆਣਾ ।

3. ਇੰਜ: ਪਰਵੀਨ ਸਲੂਜਾ,
   ਵਾਤਾਵਰਣ ਇੰਜੀਨੀਅਰ (ਡਾਇਕਟੋਰੇਟ),

ਵਾਤਾਵਰਣ ਇੰਜੀਨੀਅਰ (ਡਾਇਰਕਟੋਰੇਟ) ਨੇ ਮੈਸ: ਰੈਨੀ ਸਟ੍ਰਿਪਸ (ਪਾ) ਲਿਮਟਿਡ ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਮਾਨਗੜ, ਮਾਛੀਵਾੜਾ ਰੋਡ, ਨੇੜੇ ਕੋਹਾੜਾ, ਜਿਲਾ ਲੁਧਿਆਣਾ ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਹਨਾਂ ਨੇ ਦੱਸਿਆ ਕਿ ਮੈਸ: ਰੈਨੀ ਸਟ੍ਰਿਪਸ (ਪਾ) ਲਿਮਟਿਡ ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੇ ਮੋਜੂਦਾ 7 ਟਨ ਪ੍ਰਤੀ ਹੀਟ ਇੰਡਕਸ਼ਨ ਭੱਠੀ ਨੂੰ 3 ਇੰਡਕਸ਼ਨ ਭੱਠੀਆਂ 15 ਟਨ ਪ੍ਰਤੀ ਹੀਟ (ਹਰ ਇੱਕ) ਸਮੇਤ ਐਲੀਆਰਐਫ ਅਤੇ ਕਾਨਕਾਸਟ ਨਾਲ ਬਦਲਕੇ ਬਿਲਟਿਸ, ਸਟੀਲ ਇੰਗਟਸ ਦੀ ਸਮਰਥਾ ਨੂੰ 25,200 ਟਨ ਪ੍ਰਤੀ ਸਾਲ ਤੋ ਵਧਾ ਕੇ 1,89,000 ਟਨ ਪ੍ਰਤੀ ਸਾਲ ਅਤੇ ਰੋਲਿੰਗ ਮਿੱਲ ਦੀ ਪ੍ਰੋਡਕਸ਼ਨ ਸਮਰੱਥਾ ਟੀ.ਐਮ.ਟੀ ਬਾਰਜ਼, ਰਾਊਡਜ, ਸਕੇਅਰਜ਼, ਫਲੈਟਸ, ਐਗਲਜ਼ ਅਤੇ ਚੈਨਲਜ਼ 40,800 ਟਨ ਪ੍ਰਤੀ ਸਾਲ ਤੋਂ ਵਧਾ ਕੇ 1,75,000 ਟਨ ਪ੍ਰਤੀ ਸਾਲ ਆਪਣੇ ਮੋਜੂਦਾ ਯੂਨਿਟ ਜੋ ਕਿ ਪਿੰਡ ਮਾਨਗੜ੍ਹ, ਮਾਛੀਵਾੜਾ ਰੋਡ, ਨੇੜੇ ਕੁਹਾੜਾ, ਜਿਲ੍ਹਾ ਲੁਧਿਆਣਾ ਦੀ ਰੈਵੀਨਿਊ ਐਸਟੇਟ ਵਿਖੇ ਕਰਨ ਦੀ ਤਜਵੀਜ਼ ਹੈ।

ਪਹਿਲਾਂ, ਸਟੇਟ ਲੈਵਲ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਗਏ ਸਨ। ਹੁਣ ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ। ਵਾਤਾਵਰਣ ਇੰਜੀਨੀਅਰ (ਡਾਇਰਕਟੋਰੇਟ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਵਾਤਾਵਰਣ

ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਦੱਸਿਆ।

ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਚੇਅਰਮੈਨ, ਜਿਲਾ ਪ੍ਰੀਸ਼ਦ, ਲੁਧਿਆਣਾ, ਡਿਪਟੀ ਕਮਿਸਨਰ, ਲੁਧਿਆਣਾ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਟਰ, ਲੁਧਿਆਣਾ, ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ-1, ਲੁਧਿਆਣਾ ਵਿੱਚ ਰਖੀਆਂ ਗਈਆਂ ਸਨ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਤਿੰਨ ਮਹੱਤਵਪੂਰਨ ਅਖਬਾਰਾਂ ਅਰਥਾਤ ਹਿੰਦੁਸਤਾਨ ਟਾਇਮਜ਼ (ਅੰਗਰੇਜੀ ਰੋਜਾਨਾ) ਅਤੇ ਜੱਗਬਾਣੀ ਅਤੇ ਰੋਜਾਨਾ ਸਪੋਕਸਮੈਨ (ਪੰਜਾਬੀ ਰੋਜਾਨਾ) ਮਿਤੀ 02/01/2019 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਇਸ ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਖਰੜਾ ਈ.ਆਈ.ਏ.ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਆਰ.ਐਸ.ਰਾਣਾ, ਮੈਸ: ਸੀ.ਪੀ.ਟੀ.ਐਲ, ਚੰਡੀਗੜ, ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਬਿਆਨ ਕੀਤਾ:

| | | | |
|---|---|---|---|
| 1. | ਪ੍ਰੋਜੈਕਟ ਦਾ ਨਾਂ | : | ਮੈਸ: ਰੈਨੀ ਸਟ੍ਰਿਪਸ (ਪਾ) ਲਿਮਟਿਡ |
| 2. | ਪ੍ਰੋਜੈਕਟ ਦੀ ਕਿਸਮ | : | ਸਟੀਲ ਨਿਰਮਾਣ ਇਕਾਈ (ਵਿਸਥਾਰ) |
| 3. | ਸਥਾਨ | : | ਪਿੰਡ ਮਾਨਗੜ, ਮਾਛੀਵਾੜਾ ਰੋਡ, ਨੇੜੇ ਕੋਹਾੜਾ, ਜਿਲਾ ਲੁਧਿਆਣਾ |
| 4. | ਭੱਠੀਆਂ | : | (1) ਮੌਜੂਦਾ : 7 ਟੀ.ਪੀ.ਐਚ ਇੰਡਕਸਨ ਫਰਨਸ (ਬਦਲਿਆ ਜਾਣਾ) ਅਤੇ 1 ਰੋਲਿੰਗ ਮਿੱਲ<br>(2) ਪ੍ਰਸਤਾਵਿਤ : ਮਲਟੀਪਲ ਇੰਡਕਸਨ ਫਰਨਸ (3×15 ਟੀ.ਪੀ.ਐਚ), ਹਰੇਕ ਸਮੇਤ ਐਲ.ਆਰ.ਐਫ ਅਤੇ ਕਨਕਾਸਟ<br>(3) ਕੁਲ ਤਜਵੀਜਤ ਵਾਧੇ ਤੋਂ ਬਾਅਦ : ਮਲਟੀਪਲ ਇੰਡਕਸਨ ਫਰਨਸ (3×15 ਟੀ.ਪੀ.ਐਚ), ਹਰੇਕ ਸਮੇਤ ਐਲ.ਆਰ.ਐਫ, ਕਨਕਾਸਟ ਅਤੇ 1 ਰੋਲਿੰਗ ਮਿੱਲ (ਸਮਰੱਥਾ |

| | | | | | |
|---|---|---|---|---|---|
| | | | ਵਧਾਉਣ) | | |
| 5. | 10 ਕਿ.ਮੀ ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ | (i)<br>(ii)<br>(iii)<br>(iv)<br>(v)<br>(vi) | ਪੁਰਾਤੱਤਵ ਮਹੱਤਵਪੂਰਣ ਸਥਾਨ ---- Nil<br>ਜੰਗਲੀ ਜੀਵਨ ਅਸਥਾਨ ---- Nil<br>ਰਿਜ਼ਰਵਡ/ ਸੁਰੱਖਿਅਤ ਜੰਗਲ ---- Nil<br>ਇਤਿਹਾਸਕ ਸਥਾਨ ---- Nil<br>ਨਦੀ/ਨਹਿਰ ---- Nil<br>ਉਦਯੋਗ ---- ਹਰ ਤਰਾਂ ਦੇ | | |
| 6. | ਕੁਲ ਜ਼ਮੀਨ | : | 3.7 ਏਕੜ । ਵਿਸਥਾਰ ਲਈ ਹੋਰ ਜਮੀਨ ਦੀ ਲੋੜ ਨਹੀਂ । | | |
| 7. | ਉਤਪਾਦ ਦਾ ਨਾਮ | ਮੌਜੂਦਾ (ਟਨ ਪ੍ਰਤੀ ਸਲਾਨਾ) | ਪ੍ਰਸਤਾਵਿਤ (ਟਨ ਪ੍ਰਤੀ ਸਲਾਨਾ) | ਕੁੱਲ (ਟਨ ਪ੍ਰਤੀ ਸਲਾਨਾ) | |
| | ਸਟੀਲ ਇੰਗਟਸ, ਬਿਲੇਟਸ | 25,200 | 1,63,800 | 1,89,000 | |
| | ਰੌਂਦਸ, ਟੀ.ਐਮ.ਟੀ./ ਐਮ. ਐਸ ਬਾਰ, ਐਂਗਲ, ਚੈਨਲ, ਫਲੈਟਸ | 40,800 | 1,34,200 | 1,75,000 | |
| 8. | ਕੱਚਾ ਮਾਲ/ਸ੍ਰੋਤ | | | | |
| | ਉਤਪਾਦ ਦਾ ਨਾਮ | ਮੌਜੂਦਾ (ਟਨ/ਸਲਾਨਾ) | ਪ੍ਰਸਤਾਵਿਤ (ਟਨ/ਸਲਾਨਾ) | ਕੁਲ (ਟਨ/ਸਲਾਨਾ) | |
| | ਐਮ ਐਸ ਸਕਰੈਪ, | 27,413 | 1,78,591 | 2,06,004 | |
| | ਫਰੋ ਅਲੋਇਸ | 559 | 2,727 | 3,286 | |
| | ਸਰੋਤ ਅਤੇ ਆਵਾਜਾਈ | ਸਥਾਨਕ ਅਤੇ ਅੰਤਰਰਾਸਟਰੀ ਬਜ਼ਾਰ ਅਤੇ ਆਵਾਜਾਈ ਕਵਰ ਕੀਤੇ ਟਰੱਕਾਂ ਨਾਲ ਹੋਵੇਗੀ | | | |
| 9. | ਕਾਮਿਆਂ ਦੀ ਗਿਣਤੀ | : | ਮੌਜੂਦਾ – 250<br>ਪ੍ਰਸਤਾਵਿਤ – 100<br>ਕੁੱਲ – 350 | | |
| 10. | ਪ੍ਰੋਜੈਕਟ ਦੀ ਲਾਗਤ (ਰੁਪਏ) | : | ਮੌਜੂਦਾ – 04.5 ਕਰੋੜ<br>ਪ੍ਰਸਤਾਵਿਤ – 25.00 ਕਰੋੜ<br>ਕੁੱਲ – 29.5 ਕਰੋੜ | | |

| | | | |
|---|---|---|---|
| 11. | ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ), ਓਐਚਐਸ, ਰਿਸਕ ਹਜਾਰਡਸ, ਕੰਟਰੋਲ | : | 1.5 ਕਰੋੜ ਅਤੇ<br>1.6 ਲੱਖ (ਆਵਰਤੀ) ਸਲਾਨਾ |
| 12. | ਲੋੜੀਦੀ ਬਿਜਲੀ (KW) | : | ਮੌਜੂਦਾ 3,900<br>ਪ੍ਰਸਤਾਵਿਤ 8,000<br>ਕੁੱਲ 11,900 |
| 13. | ਬਿਜਲੀ ਦਾ ਸ੍ਰੋਤ | : | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ |
| 14. | ਲੋੜੀਦੀ ਪਾਣੀ (ਕਿਲੋ ਲੀਟਰ ਪ੍ਰਤੀ ਦਿਨ) | : | ਮੌਜੂਦਾ ਪ੍ਰਸਤਾਵਿਤ ਕੁੱਲ<br>ਘਰੇਲੂ 6.0 5.0 11.0<br>ਠੰਡਾ ਕਰਨਾ 15.0 45.0 60.0<br>ਕੁੱਲ 21.0 50.0 71.0 |
| 15. | ਪ੍ਰਦੂਸ਼ਿਤ ਪਾਣੀ ਦਾ ਮਾਤਰਾ | : | ਘਰੇਲੂ = 8.8 (ਕਿਲੋ ਲੀਟਰ ਪ੍ਰਤੀ ਦਿਨ)<br>ਠੰਡਾ ਕਰਨਾ = ਨਿਲ (ਸਾਰਾ ਠੰਡਾ ਕਰਨ ਵਾਲਾ ਪਾਣੀ ਮੁੜ ਸਰਕੂਲੇਸ਼ਨ ਵਿੱਚ ਲਿਆਂਦਾ ਜਾਵੇਗਾ) |
| 16. | ਪ੍ਰਦੂਸ਼ਤ ਪਾਣੀ ਦਾ ਸ਼ੁੱਧੀਕਰਨ | : | ਘਰੇਲੂ ਗੰਦੇ ਪਾਣੀ ਨੂੰ ਐਸ.ਟੀ.ਪੀ ਰਾਂਹੀ ਟਰੀਟ ਕੀਤਾ ਜਾਂਦਾ ਹੈ/ਕੀਤਾ ਜਾਵੇਗਾ । ਜੋ ਕਿ ਪ੍ਰੋਜੈਕਟ ਪਰਿਸ਼ਰ ਦੇ ਅੰਦਰ ਹੈ । ਸ਼ੁੱਧ ਕੀਤਾ ਪਾਣੀ ਦਾ ਇਸਤੇਮਾਲ ਅੰਦਰ ਲਗਾਏ ਗਏ ਪੌਦਿਆਂ ਅਤੇ ਲੈਂਡਸਕੈਪਿੰਗ ਲਈ ਕੀਤਾ ਜਾਂਦਾ ਹੈ/ਕੀਤਾ ਜਾਵੇਗਾ। |
| 17. | ਵਾਯੂਮੰਡਲ ਹਵਾ ਦੀ ਗੁਣਵੱਤਾ | : | ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਸਾਈਡ ਪੱਧਰ ਦੇ ਤਿੰਨ ਮਹੀਨਿਆਂ (ਅਪ੍ਰੈਲ-ਜੂਨ, 2018) ਲਈ ਅੱਠ ਥਾਵਾਂ ਦਾ ਅਧਿਐਨ ਕੀਤਾ ਗਿਆ। ਪੀ. 98 ਪ੍ਰਦੂਸ਼ਕਾਂ ਦੇ ਮਾਪਦੰਡ ਹੇਠ ਲਿਖੇ ਅਨੁਸਾਰ ਹਨ:-<br>(i) ਪੀ.ਐਮ.$_{2.5}$ - 51.04 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(ii) ਪੀ.ਐਮ.$_{10}$ - 90.9 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(iii) ਸਲਫਰ ਡਾਈਆਕਸਾਈਡ - 12.5 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(iv) ਨਾਈਟ੍ਰੋਜਨ ਡਾਈਆਕਸਾਈਡ - 30.5 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ ਅਤੇ |

| | | | |
|---|---|---|---|
| | | | (V) ਕਾਰਬਨ ਮੋਨੋਆਕਸਾਈਡ– 0.59 ਮਿਲੀਗ੍ਰਾਮ / ਮੀਟਰ ਘਣ ਹੈ।<br><br>ਬੇਸਲਾਈਨ ਹਵਾ ਗੁਣਵੱਤਾ ਪੱਧਰੀ ਰਿਹਾਇਸ਼ੀ ਅਤੇ ਉਦਯੋਗਿਕ ਖੇਤਰ ਲਈ ਨਿਰਧਾਰਤ ਨੈਸ਼ਨਲ ਅੰਬੀਨਟ ਏਅਰ ਕੁਆਲਿਟੀ ਸਟੈਂਡਰਡ ਦੇ ਅੰਦਰ ਹਨ (ਮਿਆਰਾਂ ਅਨੁਸਾਰ ਕ੍ਰਮਵਾਰ ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ ਲਈ 60, 100, 80 ਅਤੇ 80 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ) । ਬਿਹਤਰ ਪ੍ਰਦੂਸ਼ਣ ਨਿਯੰਤਰ ਦੀ ਸਹੂਲਤ ਦੇ ਕਾਰਨ ਪ੍ਰਸਤਾਵਿਤ ਪਸਾਰ ਦਾ ਵਾਤਾਵਰਣ ਉਪਰ ਅਸਰ ਮੋਜੂਦਾ ਇਕਾਈ ਨਾਲੋਂ ਘੱਟ ਹੋਵੇਗਾ । |
| 18. | ਪਾਣੀ ਦੀ ਗੁਣਵੱਤਾ | : | ਰਸਾਇਣਿਕ ਅਤੇ ਜੈਵਿਕ ਵਿਸ਼ਲੇਸ਼ਣ ਲਈ ਅਧਿਐਨ ਖੇਤਰ ਤੋ ਅੱਠ ਧਰਤੀ ਹੇਠਲੇ ਪਾਣੀ ਦੇ ਨਮੂਨੇ ਅਤੇ ਇਕ ਸਤਹ ਪਾਣੀ ਦੇ ਨਮੂਨੇ ਇਕੱਤਰ ਕੀਤੇ ਗਏ ਸਨ। ਅਧਿਐਨ ਖੇਤਰ ਦੇ ਭੂਮੀਗਤ ਪਾਣੀ ਦੀ ਗੁਣਵੱਤਾ ਸੰਤੋਸ਼ਜਨਕ ਹੈ। ਪਾਣੀ ਦੀ ਗੁਣਵੱਤਾ ਵਿੱਚ ਕੋਈ ਧਾਤ ਜਾਂ ਜਰਾਸੀਮੀ ਦੂਸ਼ਿਤ ਪਦਾਰਥ ਪਾਇਆ ਗਿਆ ਹੈ।ਪਰ ਅਧਿਐਨ ਖੇਤਰ ਦੇ ਸਤਹਿ ਪਾਣੀ ਦੇ ਨਮੂਨੇ ਬੈਕਟਰਿਅਲ ਦੂਸ਼ਿਤ ਪਾਏ ਗਏ । |
| 19. | ਸ਼ੋਰ ਵਾਤਾਵਰਣ | : | ਅਧਿਐਨ ਖੇਤਰ ਵਿੱਚ 8 ਸਥਾਨਾਂ ਤੇ ਵਾਤਾਵਰਨ ਸ਼ੋਰ ਦੇ ਪੱਧਰ ਤੇ ਨਿਗਰਾਨੀ ਕੀਤੀ ਗਈ। ਅਧਿਐਨ ਖੇਤਰ ਵਿੱਚ ਸ਼ੋਰ ਪੱਧਰ 44.3 ਡੀ.ਬੀ.(ਏ) ਤੋ 70.2 ਡੀ.ਬੀ. (ਏ) ਦਿਨ ਦੇ ਸਮੇ ਅਤੇ 34.8 ਡੀ.ਬੀ.(ਏ) ਤੋਂ 65.1 ਡੀ.ਬੀ.(ਏ) ਰਾਤ ਦੇ ਸਮੇਂ ਤੱਕ ਵੱਖ-ਵੱਖ ਥਾਵਾ ਤੇ ਮਾਪਿਆ ਗਿਆ । ਪ੍ਰੋਜੈਕਟ ਸਾਈਟ ਤੇ ਸਭ ਤੋ ਉਚੇ ਪੱਧਰਾਂ ਨੂੰ ਦੇਖਿਆ ਗਿਆ। ਬੇਸਲਾਈਨ ਸ਼ੋਰ ਦਾ ਪੱਧਰ ਰਾਸ਼ਟਰੀ ਮਾਨਕਾਂ ਦੇ ਅੰਦਰ ਪਾਇਆ ਗਿਆ । ਬਿਹਤਰ ਪ੍ਰਦੂਸ਼ਣ ਨਿਯੰਤਰਣ ਦੀ ਸਹੂਲਤ ਦੇ ਕਾਰਨ ਪ੍ਰਸਤਾਵਿਤ ਪਸਾਰ ਦਾ ਵਾਤਾਵਰਣ ਉਪਰ ਅਸਰ ਘੱਟ ਹੋਵੇਗਾ।<br><br>ਸ਼ੋਰ ਦੇ ਪੱਧਰ ਨੂੰ ਨਿਰਧਾਰਿਤ ਸੀਮਾ ਅੰਦਰ ਰੱਖਣ ਲਈ ਕਨੋਪੀ ਵਾਲੇ ਡੀ.ਜੀ.ਸੈੱਟ ਲਗਾਏ ਜਾਣਗੇ । |
| 20. | ਮਿੱਟੀ ਦੀ ਗੁਣਵੱਤਾ | : | ਅਧਿਐਨ ਖੇਤਰ ਤੋ ਅੱਠ ਮਿੱਟੀ ਦੇ ਨਮੂਨੇ ਇੱਕਤਰ ਕੀਤੇ ਗਏ ਸਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਮਿੱਟੀ ਦੀ ਜੈਵਿਕ ਪਦਾਰਥ, ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ |

| | | | |
|---|---|---|---|
| | | | ਸਮੱਗਰੀ ਮੱਧਮ ਹੈ। ਸਾਰੇ ਮਿੱਟੀ ਦੇ ਨਮੂਨਿਆਂ ਦੇ pH ਸਵੀਕਾਰਯੋਗ ਸੀਮਾ ਦੇ ਅੰਦਰ ਹਨ। ਪ੍ਰਸਤਾਵਿਤ ਪਲਾਟ ਦਾ ਮਿੱਟੀ ਤੇ ਕੋਈ ਅਸਰ ਨਹੀ ਹੋਵੇਗਾ। |
| 21. | ਖਤਰਨਾਕ ਕਚਰਾ | : | ਹਵਾ ਪ੍ਰਦੂਸ਼ਣ ਕੰਟਰੋਲ ਯੰਤਰ ਚੋ ਨਿਕਲਿਆ ਕਚਰਾ ਇਸ ਦੀ ਡਿਸਪੋਜ਼ਲ ਲਈ ਇਹ ਟੀ.ਐਸ.ਡੀ.ਐਫ ਨਿੰਬੂਆਂ ਵਿਖੇ ਭੇਜ਼ ਦਿੱਤਾ ਜਾਵੇਗਾ ਜਿਸ ਲਈ ਉਨ੍ਹਾਂ ਵਲੋ ਟੀ.ਐਸ.ਡੀ.ਐਫ, ਨਿੰਬੂਆਂ ਤੋਂ ਮੈਂਬਰਸਿਪ ਲਈ ਹੋਈ ਹੈ । ਜਨਰੇਟਰ ਵਿੱਚ ਵਰਤਿਆ ਹੋਇਆ ਤੇਲ ਡਰਮ ਵਿੱਚ ਰੱਖਿਆ ਜਾਵੇਗਾ ਅਤੇ ਆਥੋਰਾਈਡਜਡ ਰੀਸਾਇਕਲਰ ਨੂੰ ਵੇਚ ਦਿੱਤਾ ਜਾਵੇਗਾ। |
| 22. | ਹਵਾ ਪ੍ਰਦੂਸ਼ਣ ਕੰਟਰੋਲ | : | ਆਵਰਤੀ ਭੱਠੀਆਂ ਦੇ ਉਪਰ ਨਵੀਂ ਤਕਨੀਕ ਦੇ ਬੈਗ ਫਿਲਟਰ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਦੇ ਵਜੋ ਲਗਾਇਆ ਜਾਵੇਗਾ । |
| 23. | ਠੋਸ ਕਚਰਾ | : | ਭੱਠੀ ਚੋ ਨਿਕਲੀ ਹੋਈ ਸਲੈਗ ਨੂੰ ਮੈਟਲ ਰਿਕਵਰੀ ਕਰਨ ਤੋਂ ਬਾਅਦ ਟਾਇਲਾਂ ਅਤੇ ਕੰਨਕਰੀਟ ਬਲਾਕ ਬਨਾਉਣ ਲਈ ਵਰਤਿਆ ਜਾਵੇਗਾ ਜਿਸ ਲਈ ਉਹ ਟਾਇਲ/ਕੰਨਕਰੀਟ ਬਲਾਕ ਨਿਰਮਾਤਾਵਾਂ ਨਾਲ ਲਿਖਿਤ ਸਮਝੋਤਾ ਕਰਨਗੇ । ਕੁਝ ਸਲੈਗ ਚੂਰਾ ਕਰਨ ਤੋ ਬਾਅਦ ਸੜਕ ਬਨਾਉਣ ਦੇ ਕੰਮ ਜਾਂ ਨੀਵੀਂ ਜਗਾ ਨੂੰ ਭਰਣ ਦੇ ਕੰਮ ਵਿੱਚ ਵਰਤਿਆ ਜਾਵੇਗਾ । |
| 24. | ਵਾਤਾਵਰਣ ਨਿਗਰਾਨੀ ਸੈੱਲ | :<br><br>1.<br>2.<br>3. | ਵਾਤਾਵਰਣ ਨਿਗਰਾਨੀ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ<br>ਮਾਲਕ<br>ਪ੍ਰੋਜੈਕਟ ਇੰਚਾਰਜ<br>ਵਾਤਾਵਰਨ ਸਲਾਹਕਾਰ<br>ਵਾਤਾਵਰਣ ਨਿਗਰਾਨੀ ਸੈੱਲ ਇਹ ਸੁਨਸਚਿਤ ਕਰੇਗਾ ਕਿ:-<br>(1) ਵਾਤਾਵਰਣ ਮੋਨਟਰਿੰਗ ਪ੍ਰੋਗਰਾਮ ਸਮੇਂ ਸਮੇਂ ਤੇ ਕੀਤਾ ਜਾਵੇ ।<br>(2) ਬੋਰਡ ਵਲੋਂ ਨਿਰਧਾਰਤ ਸਟੈਡਰਡ ਓਪਰੇਟਿੰਗ ਪ੍ਰੈਕਟਿਸ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ। |
| 25. | ਸੀ.ਈ.ਆਰ ਗਤੀਵਿਧੀਆਂ | : | ਇੰਡਸਟਰੀ ਵਲੋਂ 25 ਲੱਖ ਰੁਪਏ, ਵਾਤਾਵਰਣ, ਜੰਗਲਾਤ ਅਤੇ ਮੌਸਮ ਤਬਦੀਲੀ ਮੰਤਰਾਲਾ ਨਵੀਂ ਦਿੱਲੀ ਵਲੋਂ ਜਾਰੀ ਓ.ਐਮ ਮਿਤੀ 01/05/2018 ਤਹਿਤ ਸੀ.ਈ.ਆਰ ਗਤੀਵਿਧੀਆਂ ਤੇ ਜਿਲਾ ਪ੍ਰਸ਼ਾਸਨ ਦੀ ਸਲਾਹ ਨਾਲ ਖਰਚ ਕੀਤੇ ਜਾਣਗੇ। |

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਡਾਇਰਕਟੋਰੇਟ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੀਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਬਲਦੇਵ ਸਿੰਘ, ਬਲਾਕ ਸੰਮਤੀ ਮੈਂਬਰ, ਵਾਸੀ ਮਾਨਗੜ, ਜਿਲਾ ਲੁਧਿਆਣਾ। | ਉਸ ਨੇ ਕਿਹਾ ਕਿ ਉਹ ਪਿੰਡ ਮਾਨਗੜ ਦਾ ਵਾਸੀ ਹੈ। ਉਸ ਨੇ ਅੱਗੇ ਕਿਹਾ ਕਿ ਇਸ ਇੰਡਸਟਰੀ ਤੋਂ ਹਵਾ ਵਿੱਚ ਤਾਪਮਾਨ ਦਾ ਪੱਧਰ ਵਧਦਾ ਹੈ ਅਤੇ ਇਸ ਦੇ ਵਾਧੇ ਤੋਂ ਬਾਅਦ ਤਾਪਮਾਨ ਦਾ ਪੱਧਰ ਹਵਾ ਵਿੱਚ ਹੋਰ ਵੱਧ ਜਾਵੇਗਾ । ਉਸ ਨੇ ਇਹ ਵੀ ਕਿਹਾ ਕਿ ਉਹ 7 ਪਿੰਡਾਂ ਦਾ ਪ੍ਰਤੀਨਿਧੀ ਹੈ ਅਤੇ ਪਿੰਡ ਦੇ ਲੋਕ ਬਹੁਤ ਮਾੜੀ ਹਾਲਤ ਵਿੱਚ ਰਹਿ ਰਹੇ ਹਨ ਇਸ ਲਈ ਇੰਡਸਟਰੀ ਵਲੋ ਪੈਦਾ ਹੋਣ ਵਾਲੀ ਇਸ ਸਮੱਸਿਆ ਨੂੰ ਹੱਲ ਜਰੂਰ ਕੀਤਾ ਜਾਵੇ। | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਨਿਰਧਾਰਿਤ ਸਟੈਂਡਰਡ ਉਪਰੇਟਿੰਗ ਪ੍ਰਕਟਿਸ ਅਧੀਨ ਸਾਈਡ ਸਕਸਨ ਹੁੱਡ ਅਤੇ ਨਵੀਂ ਤਕਨੀਕ ਦੇ ਬੈਗ ਫਿਲਟਰ ਸਮੇਤ ਸਪਾਰਕ ਅਰੈਸਟਰ ਲਗਾਏ ਜਾਣਗੇ । ਇੰਡਸਟਰੀ ਦੇ ਪਰਿਸ਼ਰ ਵਿੱਚ ਸਟੈਕ ਗੈਸ ਦਾ ਤਾਪਮਾਨ ਤਕਰੀਬਨ 104-105 ਡਿਗਰੀ ਸੈਲਸੀਅਸ ਹੰਦਾ ਹੈ ਅਤੇ ਉਹ ਇਹ ਸੁਨਿਸਚਤ ਕਰਨਗੇ ਕਿ ਸਟੈਕ ਗੈਸ ਦੇ ਤਾਪਮਾਨ ਨੂੰ ਇਸ ਦੇ ਉਚਿਤ ਪੱਧਰ ਤੇ ਹੀ ਰੱਖਿਆ ਜਾਵੇ। ਉਸਨੇ ਇਹ ਵੀ ਦੱਸਿਆ ਕਿ ਉਹ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਨਿਰਧਾਰਿਤ ਸਾਰੇ ਮਾਪਦੰਡਾਂ ਨੂੰ ਪ੍ਰਾਪਤ ਕਰਨ ਲਈ ਹਵਾ ਪ੍ਰਦੂਸ਼ਣ ਰੋਕਥਾਮ ਯੰਤਰਾਂ ਉਪਰ ਵਿਸ਼ੇਸ ਧਿਆਨ ਰੱਖਣਗੇ। |

| | | | |
|---|---|---|---|
| 2 | ਸ੍ਰੀ ਗੁਰਜੰਟ ਸਿੰਘ, ਵਾਸੀ ਮਾਨਗੜ, ਜਿਲਾ ਲੁਧਿਆਣਾ। | ਉਸ ਨੇ ਕਿਹਾ ਕਿ ਇੰਡਸਟਰੀ ਤੋਂ ਪ੍ਰਦੂਸਣ ਪੈਦਾ ਹੁੰਦਾ ਹੈ ਅਤੇ ਜਦੋਂ ਉਹ ਕੱਪੜੇ ਧੋ ਕੇ ਸੁੱਕਣੇ ਪਾਉਂਦੇ ਹਨ ਤਾਂ ਉਹ ਕਾਲੀ ਧੂੜ ਨਾਲ ਢੱਕ ਜਾਂਦੇ ਹਨ । ਉਸ ਨੇ ਅੱਗੇ ਕਿਹਾ ਕਿ ਇੰਡਸਟਰੀ ਰਾਤ ਨੂੰ ਧੂੰਆਂ ਛੱਡਦੀ ਹੈ । ਸਨਅਤ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਨਰੀਖਣ ਕਰਨ ਲਈ ਉਹਨਾਂ ਦੇ ਪਿੰਡ ਦਾ ਦੋਰਾ ਕੀਤਾ ਜਾਵੇ। | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਇੰਡਸਟਰੀ ਵਲੋਂ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਕਸਨ ਹੂਡ ਲਗਾਇਆ ਗਿਆ ਹੈ । ਇੰਡਸਟਰੀ ਦੇ ਪ੍ਰਸਤਾਵਿਤ ਵਾਧੇ ਤੋਂ ਬਾਅਦ ਹਵਾ ਪ੍ਰਦੂਸ਼ਣ ਰੋਕਣ ਲਈ ਨਵੀ ਤਕਨੀਕ ਦੇ ਬੈਗ ਫਿਲਟਰ ਲਗਾਏ ਜਾਣਗੇ। ਉਸ ਨੇ ਇਹ ਵੀ ਦੱਸਿਆ ਕਿ ਪ੍ਰਦੂਸ਼ਣ ਰੋਕਥਾਮ ਯੰਤਰ (ਬੈਗ ਫਿਲਟਰਜ਼) ਦੀ ਕਾਰਜ਼ ਸਮਰੱਥਾ 90 ਪ੍ਰਤੀਸ਼ਤ ਤੋਂ ਵੱਧ ਹੋਵੇਗੀ ਅਤੇ ਇਸ ਨੂੰ ਇੰਡਸਟਰੀ ਦੇ ਪ੍ਰੋਸੈਸ ਨਾਲ ਲਿੰਕ ਕੀਤਾ ਜਾਵੇਗਾ ਅਤੇ ਜਦੋਂ ਵੀ ਇੰਡਸਟਰੀ ਆਪਣਾ ਪ੍ਰੋਡਕਸ਼ਨ ਸੁਰੂ ਕਰੇਗੀ ਤਾਂ ਹਵਾ ਪ੍ਰਦੂਸ਼ਣ ਕੰਟਰੋਲ ਯੰਤਰ ਆਪਣੇ ਆਪ ਚਲ ਜਾਵੇਗਾ । ਉਸ ਨੇ ਅੱਗੇ ਦੱਸਿਆ ਕਿ ਇੰਡਸਟਰੀ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਨਿਰਧਾਰਿਤ ਕੀਤੇ ਮਾਪਦੰਡ ਪੂਰੇ ਕਰ ਰਹੀ ਹੈ ਅਤੇ ਇਸ ਦੇ ਪ੍ਰਸਤਾਵਿਤ ਵਾਧੇ ਤੋਂ ਬਾਅਦ ਵੀ ਇਹ ਮਾਪ ਦੰਢ ਪੂਰੇ ਕਰੇਗੀ। |
| 3 | ਸ੍ਰੀ ਹਰਜੀਤ ਸਿੰਘ, ਵਾਸੀ ਮਾਨਗੜ, ਜਿਲਾ ਲੁਧਿਆਣਾ । | ਉਸ ਨੇ ਕਿਹਾ ਕਿ ਉਹਨਾਂ ਦਾ ਪਿੰਡ ਇਸ ਦੇ ਆਲੇ ਦੁਆਲੇ ਲੱਗੀਆ ਇੰਡਸਟਰੀਆਂ ਤੋ ਪੈਦਾ ਹੋਣ ਵਾਲੇ ਪ੍ਰਦੂਸ਼ਣ ਤੋ ਜੂਝ ਰਿਹਾ ਹੈ ਅਤੇ ਇਸ ਨਾਲ ਲੋਕਾਂ ਦੀ ਸਿਹਤ ਤੇ ਮਾੜਾ ਅਸਰ ਪੈ ਰਿਹਾ ਹੈ । ਉਸ ਨੇ ਕਿਹਾ ਕਿ ਉਹ ਜਾਨਣਾ ਚਾਹੁੰਦਾ ਹੈ ਕਿ ਅੱਜ ਦੀ ਜਨਤਕ ਸੁਣਵਾਈ ਇਸ ਇੰਡਸਟਰੀ ਨਾਲ ਹੀ ਸੰਬੰਧਿਤ ਹੈ ਜਾਂ ਇਸ ਇਲਾਕੇ ਵਿੱਚ ਲੱਗੀਆਂ ਹੋਰ ਇੰਡਸਟਰੀਆਂ ਨਾਲ ਵੀ ਸੰਬਧਿਤ ਹੈ । ਉਹ ਇਹ ਵੀ ਚਾਹੁੰਦਾ ਹੈ ਕਿ ਸੰਬੰਧਿਤ ਏਰੀਆ ਦੇ ਪ੍ਰਦੂਸ਼ਣ ਰੋਕਥਾਮ ਬੋਰਡ ਅਫਸਰ ਦਾ ਕੀ ਨਾਮ ਹੈ ਅਤੇ ਉਹਨਾਂ ਵਲੋਂ ਸਨਅਤ ਕਾਰਨ ਪਿੰਡ ਵਿੱਚ ਹੋ ਰਹੇ ਪ੍ਰਦੂਸ਼ਣ ਦੀ ਜਾਂਚ | ਸ੍ਰੀ ਅਸ਼ੋਕ ਗਰਗ, ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ-1, ਲੁਧਿਆਣਾ ਨੇ ਦੱਸਿਆ ਕਿ ਅੱਜ ਦੀ ਜਨਤਕ ਸੁਣਵਾਈ ਇਸ ਇੰਡਸਟਰੀ ਦੇ ਪ੍ਰਸਤਾਵਿਤ ਵਾਧੇ ਲਈ ਆਯੋਜਿਤ ਕੀਤੀ ਗਈ ਹੈ । ਉਸ ਨੇ ਅੱਗੇ ਦੱਸਿਆ ਕਿ ਜੇਕਰ ਲੋਕਾਂ ਨੂੰ ਇਸ ਇਲਾਕੇ ਵਿੱਚ ਲੱਗੀਆਂ ਹੋਰ ਇੰਡਸਟਰੀਆਂ ਤੋਂ ਮੁਸਕਲ ਪੇਸ਼ ਆ ਰਹੀ ਹੈ ਤਾਂ ਉਹ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ-1, ਲੁਧਿਆਣਾ ਨਾਲ ਰਾਬਤਾ ਕਾਇਮ ਕਰ ਸਕਦੇ ਹਨ । ਉਹਨਾਂ ਨੇ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ-1, ਲੁਧਿਆਣਾ ਦਾ |

| | | | |
|---|---|---|---|
| | | ਕਰਨ ਲਈ ਦੋਰਾ ਕੀਤਾ ਜਾਵੇ। | ਮੋਬਾਇਲ ਨੰਬਰ (81466-62535) ਵੀ ਲੋਕਾਂ ਨੂੰ ਦਿੱਤਾ ਤਾਂ ਕਿ ਉਹ ਉਸ ਨਾਲ ਕਿਸੇ ਸਮੇਂ ਵੀ ਸੰਪਰਕ ਕਰ ਸਕਦੇ ਹਨ। |

ਇਸ ਤੋਂ ਬਾਅਦ ਵਾਤਾਵਰਣ ਇੰਜੀਨੀਅਰ (ਡਾਇਰਕਟੋਰੇਟ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ। ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਵਿਸਤਾਰ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਕਾਫੀ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ 14-15 ਲੋਕਾਂ ਆਪਣੇ ਹੱਥ ਖੜੇ ਕੀਤੇ। ਇਸ ਪਬਲਿਕ ਹੀਰਿੰਗ ਵਿੱਚ 49 ਵਿਅਕਤੀਆਂ ਨੇ ਹਿੱਸਾ ਲਿਆ ।

ਜਨਤਕ ਸੁਣਵਾਈ ਦੇ ਦੋਰਾਨ ਪਿੰਡ ਮਾਨਗੜ ਜਿਲਾ ਲੁਧਿਆਣਾ (15 ਵਿਅਕਤੀਆਂ) ਦੇ ਨਿਵਾਸੀਆਂ ਨੇ ਇੱਕ ਲਿਖਤ ਅਰਜੀ ਮਿਤੀ 01/02/2019 ਵੀ ਦਿੱਤੀ ਜਿਸ ਵਿੱਚ ਇਹ ਕਿਹਾ ਗਿਆ ਕਿ ਇਹ ਇੰਡਸਟਰੀ ਪਿੰਡ ਦੇ ਬਹੁਤ ਨੇੜੇ ਹੈ ਅਤੇ ਇੰਡਸਟਰੀ ਪਿੰਡ ਵਿੱਚ ਪ੍ਰਦੂਸ਼ਣ ਫੈਲਾ ਰਹੀ ਹੈ । ਉਹਨਾਂ ਇਹ ਵੀ ਇਲਜਾਮ ਲਗਾਇਆ ਕਿ ਧੂੰਆ ਅਤੇ ਅਵਾਜ ਲੋਕਾਂ ਦੀ ਸਿਹਤ ਉਪਰ ਅਸਰ ਪਾਉਂਦੀ ਹੈ ਇਸ ਲਿਖਤ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਉਹ ਇਸ ਇੰਡਸਟਰੀ ਦੇ ਵਾਧੇ ਲਈ ਸਹਿਮਤ ਨਹੀਂ ਹਨ । ਉਪਰੋਕਤ ਦਰਖਾਸਤ ਮਿਤੀ 01.02.2019 ਅਨੁਲਗ-1 ਨਾਲ ਨੱਥੀ ਕੀਤੀ ਗਈ ਹੈ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| **(ਪਰਵੀਨ ਸਲੂਜਾ)**<br>ਵਾਤਾਵਰਣ ਇੰਜੀਨੀਅਰ<br>(ਡਾਇਰਕਟੋਰੇਟ) | **(ਅਸ਼ੋਕ ਗਰਗ)**<br>ਵਾਤਾਵਰਣ ਇੰਜੀਨੀਅਰ<br>ਪੀਪੀਸੀਬੀ, ਖੇਤਰੀ ਦਫਤਰ-1<br>ਲੁਧਿਆਣਾ | **(ਜਸਪਾਲ ਸਿੰਘ ਗਿੱਲ), ਪੀ.ਸੀ.ਐਸ.**<br>ਵਧੀਕ ਡਿਪਟੀ ਕਮਿਸ਼ਨਰ, ਲੁਧਿਆਣਾ |

Received during Public hearing on 01/02/2019

ਸੇਵਾ ਵਿਖੇ,

ਪੰਜਾਬ ਪ੍ਰਦੂਸ਼ਣ ਬੋਰਡ,
ਬਲਾਕ ਫਿਰੋਜ਼ਪੁਰ
ਜ਼ਿਲ੍ਹਾ - ਫਿਰੋਜ਼ਪੁਰ,

ਵਿਸ਼ਾ:- ਡੈਰੀ ਸਿੰਘ ਦੇ ਪ੍ਰਦੂਸ਼ਣ ਸਬੰਧੀ

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਡੈਰੀ ਸਿੰਘ ਵਿੱਚ ਜੋ ਸਿੰਘ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ ਅਸੀਂ ਸਮੂਹ ਪਿੰਡ ਵਾਸੀ ਇਸ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਇਹ ਸਿੰਘ ਪਿੰਡ ਦੇ ਬਹੁਤ ਨਜ਼ਦੀਕ ਹੈ। ਪਿੰਡ ਨੂੰ ਪ੍ਰਦੂਸ਼ਣ ਹੋ ਰਿਹਾ ਹੈ। ਪ੍ਰਦੂਸ਼ਣ ਨਾਲ ਲੋਕਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਕ੍ਰਿਪਾ ਕਰਕੇ ਇਸ ਦੀ ਜਗ੍ਹਾ ਪਿੰਡ ਬਾਹਰ ਦਾ ਕੀਤਾ ਜਾਵੇ,

ਅਸੀਂ ਆਪ ਦੇ ਅਤੀ ਧੰਨਵਾਦੀ ਹੋਵਾਂਗੇ,

ਮਿਤੀ 1/2/2019

ਆਪ ਜੀ ਦੇ ਵਿਸ਼ਵਾਸ ਪਾਤਰ,
ਸਮੂਹ ਪੰਚਾਇਤ ਪਿੰਡ ...
ਅਤੇ ਸਮੂਹ ਨਗਰ ਨਿਵਾਸੀ

Baldev Singh
ਮੈਂਬਰ ਬਲਾਕ ਸੰਮਤੀ ਫਿਰੋਜ਼ਪੁਰ IV

Gurvir Singh
ਸਰਪੰਚ

ਪੰਚ

ਪੰਚ

Kirpal Singh
ਪੰਚ

Harjit Singh

Ravinder Singh

Lakhvir Singh

G+ ਸਕੱਤਰ

Gurcharan Singh

Harvinder Singh

Sukhwinder Singh

Sarabjit Singh